# ਗੁਰੂ ਨਾਨਕ - ਸਬਦ ੩੦

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੬

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥

ਸਾਰ: ਕਰਮ ਕਾਂਡ, ਸਮਾਜਿਕ ਵਿਵਸਥਾ ਦੇ ਅਰਥ, ਉਦੇਸ਼, ਅਤੇ ਕੀਮਤ ਨੂੰ ਕਾਇਮ ਰੱਖਣ ਲਈ ਕੇਵਲ ਇੱਕ ਸਾਧਨ ਹਨ। ਹਾਲਾਂਕਿ, ਜਦੋਂ ਰੀਤੀ-ਰਿਵਾਜਾਂ ਨੂੰ ਮਿਥ ਨਾਲ ਜੋੜਿਆ ਜਾਂਦਾ ਹੈ ਤਾਂ ਇਹ ਧਾਰਮਿਕ ਪਾਲਣਾ ਦੀ ਮੁੱਢਲੀ ਲੋੜ ਬਣ ਜਾਂਦੇ ਹਨ, ਜਿਸ ਨਾਲ ਮਨ ਭੈਭੀਤ ਹੋ ਜਾਂਦਾ ਹੈ। ਜਿਸ ਕਾਰਣ ਇਹ ਤਰਕਸ਼ੀਲ ਸੋਚ ਤੋਂ ਸੱਖਣਾ ਹੋ ਜਾਂਦਾ ਹੈ ਤੇ ਇਹ ਨਹੀਂ ਸਮਝਦਾ ਕਿ ਗੁਣ ਜਾਗ੍ਰਿਤੀ ਪ੍ਰਾਪਤੀ ਕਰਨ ਦਾ ਮੁੱਖ ਅਤੇ ਇੱਕੋ ਇੱਕ ਸਰੋਤ ਹਨ।

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਦ੍ਰਿਸ਼ਟਾਂਤ ਤੌਰ 'ਤੇ, ਸੰਤੋਖ ਨੂੰ ਰਵਾਇਤੀ ਮੁੰਦਰਾ ਬਣਾਉ, ਨਿਮਰਤਾ ਨੂੰ ਰਸਮੀ ਭੀਖ ਮੰਗਣ ਵਾਲਾ ਛੰਨਾ, ਅਤੇ ਚਿੰਤਨ ਨੂੰ ਸਰੀਰ ਉਤੇ ਕਰਮਕਾਂਡੀ ਸੁਆਹ ਦੀ ਤਰ੍ਹਾਂ ਮਲੋ।

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਸਿਰਜਣ ਅਤੇ ਵਿਨਾਸ਼ ਬਾਰੇ ਚਿੰਤਨ ਨੂੰ ਧਾਰਮਿਕ ਓਢਨੀ, ਵਿਚਾਰਾਂ ਦੀ ਸ਼ੁੱਧਤਾ ਨੂੰ ਸੰਜਮ ਜੀਵਨ ਦਾ ਮਾਰਗ ਅਤੇ ਭਰੋਸੇ ਨੂੰ ਸੋਟਾ ਬਣਾਓ।

ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥
ਸਾਰੀ ਸ੍ਰਿਸ਼ਟੀ ਨੂੰ ਸੰਗੀ ਸਾਥੀ ਸਮਝਣ ਤੋਂ ਬਾਅਦ, ਸੰਸਾਰ ਨੂੰ ਜਿੱਤਣ ਦੇ ਮੁਕਾਬਲੇ, ਮਨ ਦਵੈਤ ਨੂੰ ਜਿੱਤ ਲੈਂਦਾ ਹੈ।

ਆਦੇਸੁ ਤਿਸੈ ਆਦੇਸੁ ॥

ਕੁਦਰਤ ਦੇ ਹੁਕਮ ਦਾ ਸਤਿਕਾਰ ਕਰੋ, ਇਹ ਵਿਸ਼ਵਵਿਆਪੀ ਨਿਯਮ ਹੈ।

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥

ਸ੍ਰੋਤ, ਬੇਦਾਗ, ਅਨੰਤ, ਅਨਾਦਿ, ਸਰਬ-ਵਿਆਪਕ ਅਣਡਿਠ ਊਰਜਾ ਆਦਿ ਕਾਲ ਤੋਂ ਹੀ ਇੱਕੋ ਇੱਕ ਮੁੱਢਲੀ ਹਸਤੀ ਰਹੀ ਹੈ। (੨੮)

ਤੱਤ: ਗੁਰੂ ਨਾਨਕ ਕਹਿੰਦੇ ਹਨ ਸਾਡੇ ਕਰਮਾਂ ਨੂੰ ਨਿਯੰਤ੍ਰਿਤ ਕਰਨ ਲਈ ਦਵੈਤ ਰੂਪ ਵਿੱਚ ਹਕੀਕਤ ਨੂੰ ਸਮਝਣਾ ਮਨ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਖੁਦ ਪ੍ਰਤੀ ਅਤੇ ਆਪਣੇ ਆਲੇ-ਦੁਆਲੇ ਪ੍ਰਤੀ ਸੁਚੇਤ ਹੋਣਾ ਬਹੁਤ ਜ਼ਰੂਰੀ ਹੈ। ਜਾਗਰੂਕ ਹੋਣਾ ਇੱਕ ਪਰਿਵਰਤਨਸ਼ੀਲ ਸਫ਼ਰ ਹੈ ਜੋ ਸਵੈ-ਪੂਰਤੀ ਅਤੇ ਵਿਸ਼ਵਵਿਆਪੀ ਭਲਾਈ ਵੱਲ ਲੈ ਜਾਂਦਾ ਹੈ। ਜੇ ਅਸੀਂ ਆਪਣੇ ਮਨਾਂ ਨੂੰ ਜਿੱਤ ਸਕਦੇ ਹਾਂ, ਤਾਂ ਅਸੀਂ ਏਕਤਾ ਨੂੰ ਅੰਗੀਕਾਰ ਕਰਨ ਲਈ ਦੁਨਿਆਵੀ ਭਰਮਾਂ ਨੂੰ ਵੀ ਫਤਿਹ ਕਰ ਸਕਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**